# “ਮਾਈਭਾਗੋ ਇਸਤਰੀ ਸ਼ਕਤੀ ਸਕੀਮ”

## ਸਹਿਕਾਰਤਾ ਵਿਭਾਗ ਰਾਹੀਂ ਔਰਤਾਂ ਦਾ ਸ਼ਕਤੀਕਰਨ

ਇਹ ਸਕੀਮ ਪੰਜਾਬ ਦੇ ਇਤਿਹਾਸ ਦੀ ਉਸ ਮਹਾਨ ਵੀਰਾਗਣ ਮਾਈਭਾਗੋ ਦੀ ਪ੍ਰੇਰਨਾ ਨਾਲ ਸ਼ੁਰੂ ਕੀਤੀ ਗਈ ਹੈ, ਜੋ ਸਿੱਖ ਇਤਿਹਾਸ ਵਿੱਚ 40 ਮੁਕਤਿਆਂ ਲਈ ਇਕ ਪ੍ਰੇਰਨਾ ਸਰੋਤ ਬਣੇ। ਉਨ੍ਹਾਂ ਨੂੰ ਸ਼ਕਤੀ ਅਤੇ ਆਸਥਾ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ।

**ਉਦੇਸ਼:**

ਇਹ ਸਕੀਮ ਖਾਸ ਕਰਕੇ ਪੇਂਡੂ ਇਲਾਕਿਆਂ ਵਿੱਚ ਔਰਤਾਂ ਨੂੰ ਵਿਅਕਤੀਗਤ/ਇਕੱਲੇ ਤੌਰ ਤੇ ਜਾਂ ਗਰੁੱਪ ਵਜੋਂ ਸੰਗਠਿਤ ਕਰੇਗੀ। ਇਸ ਸਕੀਮ ਦਾ ਮਕਸਦ ਔਰਤਾਂ ਨੂੰ ਉਨ੍ਹਾਂ ਦੀ ਸੁਵਿਧਾ ਮੁਤਾਬਿਕ ਜਗ੍ਹਾ ਤੇ ਸਿਖਲਾਈ ਦੇ ਕੇ, ਬੇਰੋਕ ਕਰਜ਼ ਅਤੇ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਮਜ਼ਬੂਤ ਕਰਨਾ ਹੈ। ਇਹ ਸਕੀਮ ਰਾਜ ਪੱਧਰੀ ਸਹਿਕਾਰੀ ਸੰਸਥਾਵਾਂ ਦੀ ਮਦਦ ਨਾਲ ਉਦੱਮੀ ਔਰਤਾਂ ਨੂੰ ਕੱਚੇ ਮਾਲ ਦੀ ਸਪਲਾਈ ਅਤੇ ਤਿਆਰ ਮਾਲ ਦੀ ਵਾਪਸੀ ਲਈ ਇਕ ਕੜੀ ਦਾ ਕੰਮ ਵੀ ਕਰੇਗੀ। ਇਹ ਸਵੈ ਰੋਜ਼ਗਾਰ ਵਾਲੀਆਂ ਇਸਤਰੀਆਂ ਵਲੋਂ ਤਿਆਰ ਕੀਤੇ ਮਾਲ ਦੇ ਮੰਡੀਕਰਨ ਨੂੰ ਸਹਿਕਾਰੀ ਸਭਾਵਾਂ, ਮਿਲਫੈਡ ਅਤੇ ਮਾਰਕਫੈਡ ਵਰਗੇ ਰਾਜ ਪੱਧਰੀ ਅਦਾਰਿਆਂ ਦੇ ਸਹਿਯੋਗ ਨਾਲ ਯਕੀਨੀ ਬਣਾਏਗੀ। ਇਹ ਸਕੀਮ ਖਾਦੀ ਤੇ ਗਰਾਮ ਉਦਯੋਗ ਬੋਰਡ/ਕੇ.ਵੀ.ਆਈ.ਸੀ. ਅਤੇ ਮਹਿਲਾ ਕੋਸ਼, ਨਾਬਾਰਡ ਵਰਗੀਆਂ ਰਾਜ ਅਤੇ ਕੇਂਦਰੀ ਸੰਸਥਾਵਾਂ ਤੋਂ ਸਹਾਇਤਾ, ਗਰਾਂਟਾਂ ਅਤੇ ਸਬਸਿਡੀਆਂ ਵੀ ਮੁਹੱਈਆ ਕਰਵਾਏਗੀ।

**ਕਾਰਜ ਯੋਜਨਾ:**

- ਪ੍ਰਾਇਮਰੀ ਖੇਤੀ ਸਹਿਕਾਰੀ ਸਭਾਵਾਂ (ਪੈਕਸ) ਔਰਤਾਂ ਦੇ ਸ਼ਕਤੀਕਰਨ ਦੀ ਸਕੀਮ ਦਾ ਧੁਰਾ ਹੋਣਗੀਆਂ। ਪੰਜਾਬ ਵਿੱਚ 4135 ਖੇਤੀ ਸਹਿਕਾਰੀ ਸਭਾਵਾਂ ਹਨ ਅਤੇ ਇਸ ਵੇਲੇ ਹਰੇਕ ਪੈਕਸ ਕੋਲ ਇਕ ਤੋ ਚਾਰ ਤੱਕ ਪਿੰਡਾਂ

ਦਾ ਇਲਾਕਾ ਹੈ। ਇਨ੍ਹਾਂ ਕੋਲ ਆਪਣੀਆਂ ਇਮਾਰਤਾਂ ਹਨ ਜਿਨ੍ਹਾਂ ਵਿੱਚ ਦਫ਼ਤਰ ਤੋਂ ਇਲਾਵਾ 200-500 ਮੀਟਰਿਕ ਟਨ ਦੀ ਸਮਰਥਾ ਵਾਲੇ ਗੋਦਾਮ ਵੀ ਹਨ। ਇਨ੍ਹਾਂ ਇਮਾਰਤਾਂ ਦਾ ਇੱਕ ਹਿੱਸਾ ਔਰਤਾਂ ਲਈ ਦਫ਼ਤਰ, ਸਿਖਲਾਈ ਅਤੇ ਕਾਰੋਬਾਰ ਲਈ ਵਰਤਿਆ ਜਾ ਸਕਦਾ ਹੈ।

- ਸੋਸਾਇਟੀ ਦਾ ਇੰਨਚਾਰਜ ਨਿਰੀਖਕ ਸਭਾ ਦੇ ਸਕੱਤਰ ਨਾਲ ਮਿਲ ਕੇ ਔਰਤਾਂ ਦਾ ਗਰੁੱਪ ਤਿਆਰ ਕਰੇਗਾ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਸ਼ੁਰੂ ਕਰੇਗਾ।ਇਹ ਗਰੁੱਪ ਤਿਆਰ ਕਰਨ ਦਾ ਸਿਲਸਿਲਾ ਸਮਾਜ ਦੇ ਵੱਖ-ਵੱਖ ਵਰਗਾਂ ਉਪਰ ਨਿਰਭਰ ਕਰੇਗਾ।ਮੁੱਢਲੇ ਤੌਰ ਤੇ 7-10 ਔਰਤਾਂ ਦਾ ਗਰੁੱਪ ਬਣਾਇਆ ਜਾ ਸਕਦਾ ਹੈ ਜੇ ਇਹ ਖੇਤੀ ਸਹਿਕਾਰੀ ਸਭਾ ਤੋਂ ਮਾਲੀ ਇਮਦਾਦ ਮੰਗੇਗਾ ਤਾਂ ਇਹ ਔਰਤਾਂ ਪੈਕਸ ਦੀਆਂ ਆਰਜ਼ੀ ਮੈਂਬਰ ਹੋਣਗੀਆਂ। ਪਰ ਪੈਕਸ ਹਰ ਹਾਲਤ ਵਿੱਚ ਇੱਕ ਸਹਾਇਤਾ ਸੰਸਥਾ ਦੀ ਭੂਮਿਕਾ ਅਦਾ ਕਰੇਗੀ।
- ਆਮਦਨ ਜੁਟਾਉਣ ਲਈ ਪਿੰਡ ਪੱਧਰ ਤੇ ਗਤੀਵਿਧੀਆਂ ਚਲਾਈਆਂ ਜਾਣਗੀਆਂ ਅਤੇ ਇਲਾਕੇ ਦੇ ਲਿਹਾਜ਼ ਨਾਲ ਇਹ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣਗੀਆਂ ਅਤੇ ਪਹਿਲਾਂ ਤੋਂ ਹਰ ਪਿੰਡ ਵਿੱਚ ਚੱਲ ਰਹੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕੀਤਾ ਜਾਏਗਾ। ਹੇਠ ਦਿੱਤੀਆਂ ਗਤੀਵਿਧੀਆਂ ਚਲਾਈਆਂ ਜਾ ਸਕਦੀਆਂ ਹਨ:-
    - ਫੁਲਕਾਰੀ ਦਾ ਕੰਮ।
    - ਕਟਾਈ ਸਿਲਾਈ ਅਤੇ ਕਢਾਈ।
    - ਹੌਜ਼ਰੀ ਅਤੇ ਬੁਣਾਈ।
    - ਗੰਡੋਇਆਂ ਤੋਂ ਕੰਪੋਸਟ ਖਾਦ ਤਿਆਰ ਕਰਨੀ।
    - ਬਿਊਟੀ ਪਾਰਲਰ, ਐਸ.ਟੀ.ਡੀ.ਬੂਥ ਅਤੇ ਛੋਟੀਆਂ ਦੁਕਾਨਾਂ।
    - ਖੁੰਬਾਂ ਦੀ ਕਾਸ਼ਤ, ਸ਼ਹਿਦ ਦੀਆਂ ਮੱਖੀਆਂ ਪਾਲਣਾ ਅਤੇ ਫੁੱਲਕਾਰੀ।
    - ਪਾਪੜ, ਵੜੀਆਂ, ਆਚਾਰ, ਮੁਰੱਬਾ, ਚਟਨੀਆਂ ਅਤੇ ਸ਼ਰਬੱਤ।
    - ਡੇਅਰੀ ਅਤੇ ਮੁਰਗੀ ਪਾਲਣ।

- ਪਸ਼ੂ ਖੁਰਾਕ ਅਤੇ ਮੁਰਗੀ ਦਾਣਾ ਤਿਆਰ ਕਰਨਾ।
- ਕਪੜੇ ਦੇ ਖਿਡਾਉਣੇ ਬਨਾਉਣਾ (ਸਾਫ਼ਟ ਟੋਆਇਜ਼)।
- ਫਲਾਂ ਤੇ ਸਬਜ਼ੀਆਂ ਦੀ ਪ੍ਰਾਸੈਸਿੰਗ।
- ਲਾਲ ਮਿਰਚ, ਹਲਦੀ ਅਤੇ ਗਰਮ ਮਸਾਲੇ ਦੀ ਪਿਸਾਈ ਅਤੇ ਡੱਬਾ ਬੰਦ ਕਰਨਾ।
- ਕੰਪਿਊਟਰੀ ਪੀ.ਸੀ.ਓ./ਕਾਲ ਸੈਂਟਰ ਟਰੇਨਿੰਗ (ਅੰਦਰੂਨੀ ਅਤੇ ਬਾਹਰੀ ਟੈਲੀਫੂਨਾਂ ਲਈ।
- ਸਾਬਣ ਬਨਾਉਣਾ।
- ਨੋਟ ਬੁੱਕ, ਕਾਪੀਆਂ ਅਤੇ ਰਜਿਸਟਰ ਬਨਾਉਣਾ।
- ਵਰਦੀਆਂ ਤਿਆਰ ਕਰਨਾ।
- ਬੇਕਰੀ ਅਤੇ ਨਮਕੀਨ ਮਠਿਆਈਆਂ ਵਗੈਰਾ।
- ਮੋਮਬੱਤੀਆਂ ਬਣਾਉਣਾ।

- ਇਸਤਰੀਆਂ ਦੇ ਇਹ ਗਰੁੱਪ ਕੇਂਦਰ ਸਰਕਾਦਰ ਦੀ ਸੰਗਠਤ ਬਾਲ ਵਿਕਾਸ ਸਕੀਮ ਤਹਿਤ ਆਂਗਣਵਾੜੀ ਬੱਚਿਆਂ ਨੂੰ ਖਾਣਾ ਅਤੇ ਦੁਪਿਹਰ ਦੇ ਖਾਣੇ ਦੀ ਸਕੀਮ ਤਹਿਤ ਸਕੂਲੀ ਬੱਚਿਆਂ ਨੂੰ ਖਾਣਾ ਤਿਆਰ ਕਰਕੇ ਵੀ ਦੇ ਸਕਦੀਆਂ ਹਨ।

ਇਕੋ ਸਭਾ ਵਿੱਚ ਵੱਖ-ਵੱਖ ਖੇਤਰਾਂ ਅਤੇ ਹੁਨਰਾਂ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਚਲਾ ਸਕਦੀਆਂ ਹਨ।

ਇਨ੍ਹਾਂ ਇਸਤਰੀ ਉਦਮੀਆਂ ਨੂੰ ਦੋ ਵਿਆਪਕ ਗਰੁੱਪਾਂ ਵਿੱਚ ਵੰਡਿਆ ਜਾ ਸਕਦਾ ਹੈ।

ੳ) ਆਮ ਮੰਡੀਆਂ ਜਾਂ ਪੈਕਸ ਦੇ ਨੈਟਵਰਕ ਰਾਹੀਂ ਵੇਚੀਆਂ ਜਾਣ ਵਾਲੀਆਂ ਵਸਤਾਂ ਗਰਮ ਮਸਾਲੇ, ਸਾਬਣ, ਆਚਾਰ, ਬਿਸਕੁਟ ਵਗੈਰਾ ਤਿਆਰ ਕਰਨ ਵਾਲੀਆਂ ਉੱਦਮੀ ਔਰਤਾਂ।

ਅ) ਅਜਿਹੀਆਂ ਵਸਤਾਂ ਤਿਆਰ ਕਰਨ ਵਾਲੀਆਂ ਔਰਤਾਂ, ਜਿਨ੍ਹਾਂ ਚੀਜਾਂ ਦਾ ਮੰਡੀਕਰਨ ਰਾਜ ਪੱਧਰੀ ਸਿਖਰ ਸੰਸਥਾਵਾਂ ਦੀ ਸਹਾਇਤਾ ਨਾਲ

ਹੋਵੇ।ਜਿਨ੍ਹਾਂ ਨੰ ਸਿਖਲਾਈ, ਮਾਲੀ ਇਮਦਾਦ, ਸਾਜ-ਸਮਾਨ ਅਤੇ ਕੱਚੇ ਮਾਲ ਦੀ ਸਪਲਾਈ ਦੀ ਜ਼ਰੂਰਤ ਹੋਵੇ।

**ਫੰਡ:**

- ਇਨ੍ਹਾਂ ਗਤੀਵਿਧੀਆਂ ਲਈ ਰਕਮਾਂ ਪ੍ਰਾਇਮਰੀ ਖੇਤੀ ਸਹਿਕਾਰੀ ਸਭਾਵਾਂ ਵੱਲੋਂ ਮੁਹਈਆ ਕਰਵਾਈਆਂ ਜਾਣਗੀਆਂ। ਸੈਂਟਰਲ ਕੋਆਪਰੇਟਿਵ ਬੈਂਕ ਇਨ੍ਹਾਂ ਇਸਤਰੀ ਮੈਂਬਰਾਂ ਲਈ ਵੱਖਰੇ ਫੰਡ ਰੱਖਣਗੀਆਂ। ਇਹ ਕਰਜ਼ਾ ਕਿਸੇ ਅੜਚਨ ਤੋਂ ਮੁਕਤ ਹੋਏਗਾ ਅਤੇ ਬਿਨਾਂ ਕਿਸੇ ਅਚੱਲ ਜਾਇਦਾਦ ਦੀ ਜਾਮਨੀ ਦੇ ਕੁੱਝ ਸੋਸਾਇਟੀ ਮੈਂਬਰਾਂ ਦੀ ਜਾਤੀ ਜਾਮਨੀ ਉਪਰ 8-10ਫੀਸਦੀ ਤਰਜੀਹੀ ਵਿਆਜ ਦਰ ਤੇ ਦਿੱਤੀ ਜਾਏਗੀ।ਰਜਿਸਟਰਾਰ, ਸਹਿਕਾਰੀ ਸਭਾਵਾਂ ਦਫ਼ਤਰ ਪੈਕਸ ਵਿੱਚ ਲਘੂ ਮਰਜ਼ ਲਈ ਇਕ ਸਕੀਮ ਕਾਇਮ ਕਰ ਸਕਦਾ ਹੈ ਜਿਸ ਦਾ ਪੈਸਾ ਕੈਂਦਰੀ ਸਹਿਕਾਰੀ ਬੈਂਕਾਂ (ਸੀ.ਸੀ.ਬੀਜ਼) ਵੱਲੋਂ ਦਿੱਤਾ ਜਾਵੇਗਾ। ਸੀ.ਸੀ.ਬੀਜ਼ ਕਰਜ਼ੇ ਦਾ ਅਮਲ ਸੁਖਾਲਾ ਬਣਾਉਣਗੀਆਂ ਅਤੇ ਇਸ ਦੀ ਸਹੀ ਪ੍ਰਕਿਰਿਆ ਅਤੇ ਅਦਾਇਗੀ ਯਕੀਨੀ ਬਣਾਉਣ ਵਾਸਤੇ ਇਕ ਸੀਨੀਅਰ ਅਧਿਕਾਰੀ ਨੂੰ ਨਿਯੁਕਤ ਕਰਨਗੀਆਂ।
- ਇਨ੍ਹਾਂ ਮਹਿਲਾ ਮੈਂਬਰਾਂ ਨੂੰ ਇਸਤਰੀ ਅਤੇ ਬਾਲ ਵਿਕਾਸ , ਸਮਾਜਿਕ ਸੁਰੱਖਿਆ ਵਿਭਾਗਾਂ ਵੱਲੋਂ ਦਿੱਤੀ ਜਾਂਦੀ ਸਬਸਿਡੀ ਦੇ ਜਰੀਏ ਸਹਾਇਤਾ ਦੁਆਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।ਔਰਤਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬਹੁਤ ਸਾਰੀਆਂ ਕੇਂਦਰੀ ਸਕੀਮਾਂ ਹਨ ਜਿਵੇਂ ਐਸ.ਟੀ.ਈ.ਪੀ. ਅਤੇ ਐਨ.ਓ..ਆਰ.ਏ.ਡੀ. ਵਗੈਰਾ।ਸਦਰ ਮੁਕਾਮ ਪੱਧਰ ਤੇ ਸੰਚਾਲਨ ਕਮੇਟੀ ਵੱਖ-ਵੱਖ ਮਹਿਕਮਿਆਂ ਨਾਲ ਤਾਲਮੇਲ ਪੇਸ਼ ਕਰੇਗੀ ਤਾਂ ਜੋ ਹੇਠਲੇ ਪੱਧਰ ਤੱਕ ਸਬਸਿਡੀ ਪਹੁੰਚਾਈ ਜਾ ਸਕੇ। ਭਾਰਤ ਸਰਕਾਰ ਦੇ ਖਾਦੀ ਅਤੇ ਗਰਾਮ ਉਦਯੋਗ ਕਮਿਸ਼ਨ (ਕੇ.ਵੀ.ਆਈ.ਸੀ) ਅਤੇ ਪੰਜਾਬ ਸਰਕਾਰ ਦੇ ਖਾਦੀ ਅਤੇ ਗਰਾਮ ਉਦਯੋਗ ਬੋਰਡ (ਕੇ.ਵੀ.ਆਈ.ਬੀ) ਵੱਲੋਂ ਵੀ

ਇਸਤਰੀ ਮੈਂਬਰਾਂ ਨੂੰ ਕੰਮ ਅਤੇ ਸਬਸਿਡੀ ਲਈ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

- ਹਰੇਕ ਜਿਲ੍ਹੇ ਵਿੱਚ ਕੁਝ ਅਜਮਾਇਸ਼ੀ ਪ੍ਰੋਜੈਕਟ ਸ਼ੁਰੂ ਕਰਨ ਦੀ ਲੋੜ ਹੈ ਜੇ ਰਕਮਾਂ ਦੀ ਲੋੜ ਹੋਵੇ ਤਾਂ ਹਰੇਕ ਮੁਨਾਫੇ ਵਾਲੀ ਸਹਿਕਾਰੀ ਸਭਾ ਵੱਲੋਂ ਰੱਖੇ ਜਾਂਦੇ ਸਹਿਕਾਰੀ ਵਿਕਾਸ ਫੰਡ (ਸੀ.ਡੀ.ਐਫ) ਅਤੇ ਕਾਮਨ ਗੁਡ ਫੰਡ (ਸੀ.ਜੀ.ਐਫ) ਰਾਹੀਂ ਰਕਮਾਂ ਦਿੱਤੀਆਂ ਜਾ ਸਕਦੀਆਂ ਹਨ।

**ਟਰੇਨਿੰਗ:**

ਪੈਕਸ ਪੱਧਰ, ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਇਸਤਰੀ ਮੈਂਬਰਾਂ ਦੀ ਸਿਖਲਾਈ ਡਵੀਜ਼ਨ ਪੱਧਰੀ ਕਮੇਟੀ ਵੱਲੋਂ ਕਰਵਾਈ ਜਾਵੇਗੀ। ਡਵੀਜ਼ਨਾ ਦੇ ਜਾਇੰਟ ਰਜਿਸਟਰਾਰ ਜੋ ਇਸ ਕਮੇਟੀ ਦੇ ਚੇਅਰਮੈਨ ਹੋਣਗੇ ਵੱਖ-ਵੱਖ ਤਰ੍ਹਾਂ ਦੀ ਸਿਖਲਾਈ, ਮਾਰਗ ਦਰਸ਼ਨ ਅਤੇ ਜਾਗਰੂਕਤਾ ਲਈ ਬਾਗਬਾਨੀ ਵਿਭਾਗ, ਖਾਦੀ ਤੇ ਗਰਾਮ ਉਦਯੋਗ ਕਮਿਸ਼ਨ ਖਾਦਾਂ ਅਤੇ ਗਰਾਮ ਉਦਯੋਗ ਬੋਰਡ, ਕ੍ਰਿਸ਼ੀ ਵਿਗਿਆਨ ਕੇਂਦਰ, ਨਿਟ ਵੀਅਰ ਕਲੱਬਾਂ, ਖੇਤੀ ਯੂਨੀਵਰਸਿਟੀ ਲੁਧਿਆਣਾ, ਔਰਤ ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ ਅਤੇ ਇਲਾਕੇ ਵਿੱਚ ਕੰਮ ਕਰਦੀਆਂ ਵੱਖ-ਵੱਖ ਗੈਰ ਸਰਕਾਰੀ ਜੱਥੇਬੰਦੀਆਂ ਨਾਲ ਤਾਲਮੇਲ ਪੈਦਾ ਕਰੇਗਾ।ਜਾਇੰਟ ਰਜਿਸਟਰਾਰ ਸਹਿਕਾਰੀ ਸਭਾਵਾਂ ਆਪਣੀ ਟੀਮ ਸਮੇਤ, ਇਸਤਰੀ ਗਰੁੱਪਾਂ ਲਈ ਇਲਾਕੇ ਦੇ ਹਾਲਾਤ ਮੁਤਾਬਿਕ ਸਹਾਇਕ ਢੰਗ ਤਰੀਕਿਆਂ ਦਾ ਪਤਾ ਲਗਾਉਣਗੇ। ਉਹ ਸਰਕਾਰੀ ਵਿਭਾਗਾਂ ਅਤੇ ਖੇਤੀ ਯੂਨੀਵਰਸਿਟੀ ਦੇ ਕੇਂਦਰਾਂ, ਗੈਰ ਸਰਕਾਰੀ ਜਥੇਬੰਦੀਆਂ ਅਤੇ ਹੋਰ ਏਜੰਸੀਆਂ ਤੋਂ ਮਦਦ ਲੈਣ ਸਬੰਧੀ ਫੈਸਲਾ ਲੈਣ ਬਾਰੇ ਅਜ਼ਾਦ ਹੋਣਗੇ।

ਪੰਜਾਬ ਸਹਿਕਾਰੀ ਸਿਖਲਾਈ ਸੰਸਥਾ (ਪੀ.ਆਈ.ਸੀ.ਟੀ) ਦੇ ਮੈਨੇਜਿੰਗ ਡਾਇਰੈਕਟਰ ਸਿਖਲਾਈ ਦੇਣ ਲਈ ਜਾਇੰਟ ਰਜਿਸਟਰਾਰਾਂ ਅਤੇ ਡਿਪਟੀ ਰਜਿਸਟਰਾਰਾਂ ਨੂੰ ਹਰ ਸਹੂਲਤ ਦੇਣਗੇ।ਸਿਖਲਾਈ ਲਈ ਫੰਡ ਰਜਿਸਟਰਾਰ ਸਹਿਕਾਰੀ ਸਭਾਵਾਂ ਦੀ ਪ੍ਰਵਾਨਗੀ ਨਾਲ ਰੱਖੇ ਜਾਣਗੇ ਅਤੇ

ਮੈਨੇਜਿੰਗ ਡਾਇਰੈਕਟਰ ਪੀ.ਆਈ.ਸੀ.ਟੀ. ਵੱਲੋਂ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਨੂੰ ਉਹਨਾਂ ਦੇ ਪ੍ਰਤੀਪੂਰਤੀ ਕੇਸਾਂ ਦੀ ਮੰਗ ਅਨੁਸਾਰ ਡਿਸਬਰਸ ਕੀਤੇ ਜਾਣਗੇ।

**ਪ੍ਰੇਰਨਾ:**

ਔਰਤ ਮਰਦ ਬਰਾਬਰੀ ਅਤੇ ਔਰਤ ਨੂੰ ਇਨਸਾਫ ਦੇਣ ਸਬੰਧੀ ਸਿੱਖਿਆ ਪਨਕੋਫੈਡ ਵੱਲੋਂ ਦਿੱਤੀ ਜਾਏਗੀ। ਔਰਤਾਂ ਨੂੰ ਬੱਚੀ ਭਰੂਣ ਹੱਤਿਆ, ਦਾਜ ਨਾਲ ਸਬੰਧਤ ਹਿੰਸਾ, ਜਿਸਮਾਨੀ ਛੇੜਖਾਨੀ ਅਤੇ ਵਿਤਕਰੇ ਵਰਗੇ ਮੁੱਦਿਆਂ ਉਪਰ ਜਾਗ੍ਰਿਤ ਕੀਤਾ ਜਾਵੇਗਾ। ਪਨਕੋਫੈਡ ਦੇ ਸਿੱਖਿਆ ਅਧਿਆਪਕ ਆਪਣੇ ਤੌਰ ਤੇ ਪਿੰਡ ਪੱਧਰ ਤੇ ਕੈਂਪ ਲਗਾਉਣਗੇ। ਦਿਸ਼ਾ ਦੇਣ ਲਈ ਸਮੇਂ ਸਮੇਂ ਉਘੀਆਂ ਇਸਤਰੀ ਨੇਤਾਵਾਂ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਇਨ੍ਹਾਂ ਕੈਂਪਾਂ ਵਿਚ ਬੁਲਾਇਆ ਜਾਵੇਗਾ। ਇਸ ਨਾਲ ਔਰਤਾਂ ਨੂੰ ਪ੍ਰੇਰਨਾ ਮਿਲੇਗੀ।

**ਮੰਡੀਕਰਨ:**

ਸਭਾਵਾਂ ਵੱਲੋਂ ਤਿਆਰ ਕੀਤੇ ਉਤਪਾਦਾਂ ਦਾ ਮੰਡੀਕਰਨ, ਖੇਤੀ ਸਹਿਕਾਰੀ ਸਭਾਵਾਂ ਦੇ ਨੈਟਵਰਕ, ਮਾਰਕਫੈਡ ਅਤੇ ਮਿਲਕਫੈਡ ਦੀਆਂ ਵਿਕਰੀ ਦੁਕਾਨਾਂ/ ਸ਼ੋਅ ਰੂਮਾਂ ਰਾਹੀਂ ਕੀਤਾ ਜਾਵੇਗਾ।ਡਵੀਜ਼ਨ ਪੱਧਰ ਤੇ ਕਮੇਟੀ, ਉਤਪਾਦਾਂ ਨੂੰ ਰਾਜ ਪੱਧਰੀ ਸੰਸਥਾਵਾਂ ਤੱਕ ਅਤੇ ਕੱਚਾ ਮਾਲ ਇਸਤਰੀ ਗਰੁੱਪਾਂ ਤੱਕ ਪਹੁੰਚਾਉਣ ਦਾ ਪੂਰਾ ਖਿਆਲ ਰੱਖੇਗਾ। ਇਸਤਰੀ ਮੈਂਬਰਾਂ ਨੂੰ ਨਵੇਂ ਡਿਜ਼ਾਇਨ, ਰੰਗਾਂ ਦੀ ਸਕੀਮ ਅਤੇ ਨਮੂਨੇ ਅਤੇ ਇਨ੍ਹਾਂ ਚੀਜ਼ਾਂ ਦੀ ਸੁਚਾਰੂ ਪੈਕਿੰਗ ਬਾਰੇ ਦੱਸਿਆ ਜਾਵੇਗਾ।ਕਮੇਟੀ ਕੇਂਦਰੀ ਸਕੀਮਾਂ ਦਾ ਫਾਇਦਾ ਲੈਣ ਲਈ ਵੱਖ-ਵੱਖ ਵਿਭਾਗਾਂ ਜਿਵੇਂ ਕਿ ਫੁਲਕਾਰੀ, ਨਿਫ਼ਟ ਮੁਹਾਲੀ, ਖਾਦੀ ਤੇ ਗਰਾਮ ਨਿਟਵੀਅਰ ਕਲੱਬ ਲੁਧਿਆਣਾ, ਪੰਜਾਬ ਖੇਤੀ ਯੂਨੀਵਰਸਿਟੀ ਔਰਤ ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ ਅਤੇ ਭਾਰਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਤਾਲ-ਮੇਲ ਕਰੇਗੀ।

# ਸਕੀਮ ਅਧੀਨ ਪ੍ਰਗਤੀ ਰਿਪੋਰਟ

**1)ਮੈਂਬਰਸ਼ਿਪ:**

ਸਾਲ 2017-18 ਦੌਰਾਨ ਰਾਜ ਪੱਧਰ ਤੇ 3800 ਔਰਤਾਂ ਨੂੰ ਪੈਕਸ ਦਾ ਮੈਂਬਰ ਬਨਾਉਣ ਦਾ ਟਿੱਚਾ ਮਿੱਥਿਆ ਗਿਆ ਸੀ ਜਿਸ ਵਿਚੋਂ ਚਾਲੂ ਸਾਲ ਦੌਰਾਨ ਮਹੀਨਾ ਜੁਲਾਈ 2017 ਤੱਕ 898 ਔਰਤਾਂ ਨੂੰ ਪੈਕਸ ਦਾ ਮੈਂਬਰ ਬਣਾਇਆ ਗਿਆ ਹੈ। ਸਾਲ 2007 ਤੋਂ ਜੁਲਾਈ 2017 ਤੱਕ ਕੁੱਲ 214496 ਔਰਤਾਂ ਨੂੰ ਪੈਕਸ ਦਾ ਮੈਂਬਰ ਬਣਾਇਆ ਗਿਆ।

**2)ਵਿੱਤੀ ਸਹਾਇਤਾ/ਇਸਤਰੀ ਮੈਂਬਰਾਂ ਨੂੰ ਕਰਜ਼ਾ:**

ਪੰਜਾਬ ਰਾਜ ਸਹਿਕਾਰੀ ਬੈਂਕਾਂ ਵੱਲੋਂ ਇਸਤਰੀ ਮੈਂਬਰਾਂ ਨੂੰ ਕਰਜ਼ਾ ਦੇਣ ਲਈ ਹਰੇਕ ਪੈਕਸ ਵਿੱਚ 2.00 ਲੱਖ ਰੁਪਏ ਦੀ ਲਿਮਿਟ ਰੱਖੀ ਗਈ ਹੈ।ਇਸਤਰੀ ਮੈਂਬਰਾਂ ਨੂੰ ਦਿੱਤੇ ਗਏ ਕਰਜ਼ੇ ਦੀ ਪ੍ਰਗਤੀ ਰਿਪੋਰਟ ਜੁਲਾਈ 2017 ਅਨੁਸਾਰ ਹੈ:

| ਮੰਡਲ | ਜਿਲਾ | ਲੋਨ ਅਡਵਾਂਸ(ਰਕਮ ਲੱਖਾਂ ਵਿੱਚ) | ਕੁੱਲ ਅਡਵਾਂਸ ਕਰਜ਼ਾ |
|---|---|---|---|
| ਜਲੰਧਰ | ਅੰਮ੍ਰਿਤਸਰ | 185.65 | |
| | ਤਰਨਤਾਰਨ | 112.05 | |
| | ਗੁਰਦਾਸਪੁਰ | 261.48 | |
| | ਪਠਾਨਕੋਟ | 64.35 | |
| | ਹੁਸ਼ਿਆਰਪੁਰ | 622.02 | |
| | ਜਲੰਧਰ | 1191.15 | |
| | ਕਪੂਰਥਲਾ | 711.51 | |
| | ਐਸ.ਬੀ.ਐਸ.ਨਗਰ(ਨਵਾਂਸ਼ਹਿਰ) | 1406.50 | 4554.71 |
| ਪਟਿਆਲਾ | ਪਟਿਆਲਾ | 1554.31 | |

| | | | |
|---|---|---|---|
| | ਸੰਗਰੂਰ | 403.72 | |
| | ਬਰਨਾਲਾ | 253.90 | |
| | ਰੋਪੜ | 294.77 | |
| | ਮੋਹਾਲੀ | 308.07 | |
| | ਲੁਧਿਆਣਾ | 845.86 | |
| | ਫਤਿਹਗੜ੍ਹ ਸਾਹਿਬ | 577.50 | 4238.13 |
| ਫਿਰੋਜ਼ਪੁਰ | ਫਿਰੋਜ਼ਪੁਰ | 151.44 | |
| | ਫਾਜ਼ਲਿਕਾ | 351.29 | |
| | ਮੋਗਾ | 443.63 | |
| | ਮੁਕਤਸਰ | 363.98 | |
| | ਫਰੀਦਕੋਟ | 319.28 | |
| | ਬਠਿੰਡਾ | 548.14 | |
| | ਮਾਨਸਾ | 434.94 | 2612.70 |
| | ਕੁੱਲ ਜੋੜ | | 11405.54 |

ਕਰਜ਼ੇ ਸਬੰਧੀ ਖੇਤਰੀ ਦਫ਼ਤਰਾਂ ਨੂੰ ਕਿਸੇ ਕਿਸਮ ਦੇ ਟਾਰਗੈਟ ਨਹੀਂ ਦਿੱਤੇ ਜਾਂਦੇ।

ਮਾਈਭਾਗੋ ਇਸਤਰੀ ਸ਼ਕਤੀ ਸਕੀਮ ਅਧੀਨ ਬਣਾਏ ਗਏ ਸੈਲਫ਼ ਹੈਲਪ ਗਰੁੱਪਾਂ ਸਬੰਧੀ ਰਿਪੋਰਟ:

| ਮੰਡਲ | ਸੈਲਫ਼ ਹੈਲਪ ਗਰੁੱਪਾਂ ਦੀ ਗਿਣਤੀ | ਮੈਂਬਰਸ਼ਿਪ | ਕੂਲੈਕਸ਼ਨ ਆਫ਼ ਮੈਂਬਰਸ(ਲੱਖਾਂ ਵਿੱਚ) |
|---|---|---|---|
| ਪਟਿਆਲਾ | 777 | 10732 | 53.52 |
| ਫਿਰੋਜ਼ਪੁਰ | 989 | 11140 | 118.50 |
| ਜਲੰਧਰ | 1854 | 20740 | 156.69 |
| ਜੋੜ | 3620 | 42612 | 328.71 |

3) **ਇਸਤਰੀ ਮੈਂਬਰਾਂ ਵੱਲੋਂ ਤਿਆਰ ਕੀਤੀ ਗਈ ਸਮੱਗਰੀ ਦੀ ਰਿਕਵਰੀ ਅਤੇ ਮਾਰਕੀਟਿੰਗ ਬਾਰੇ:**

- ਜਲੰਧਰ ਮੰਡਲ ਦੀ ਰਿਕਵਰੀ ਲੱਗਭਗ 87%, ਪਟਿਆਲਾ ਮੰਡਲ ਦੀ ਰਿਕਵਰੀ ਲਗਭਗ 82.5% ਅਤੇ ਫਿਰੋਜ਼ਪੁਰ ਮੰਡਲ ਦੀ ਰਿਕਵਰੀ ਲਗਭਗ 70.97% ਕੀਤੀ ਗਈ।
- ਇਸਤਰੀ ਮੈਂਬਰਾਂ ਵੱਲੋਂ ਤਿਆਰ ਕੀਤੇ ਗਏ ਸਾਮਾਨ ਦੀ ਮਾਰਕੀਟਿੰਗ ਖੇਤਰੀ ਸਟਾਫ਼ ਵੱਲੋਂ ਪੈਕਸ ਦੁਆਰਾ ਕਰਵਾਈ ਜਾਂਦੀ ਹੈ ਅਤੇ ਇਹਨਾਂ ਪ੍ਰੋਡਕਟਸ ਦੀ ਵਿਕਰੀ " ਮਹਿਲਾ ਗੌਰਵ" ਨਾਮ ਤੇ ਕੀਤੀ ਜਾਂਦੀ ਹੈ।ਇਹਨਾਂ ਪ੍ਰੋਡਕਟਸ ਦੀ ਵਿਕਰੀ ਮਾਰਕਫੈਡ ਅਤੇ ਮਿਲਕਫੈਡ ਦੁਆਰਾ ਕੀਤੀ ਜਾਂਦੀ ਹੈ।ਇਸ ਤੋਂ ਇਲਾਵਾ ਇਸਤਰੀ ਮੈਂਬਰਾਂ ਦੁਆਰਾ ਬਣਾਏ ਗਏ ਸਾਮਾਨ ਦੀ ਵਿਕਰੀ ਰਾਜ ਪੱਧਰ/ਨੈਸ਼ਨਲ ਪੱਧਰ ਤੇ ਆਯੋਜਿਤ ਹੋਣ ਵਾਲੀਆਂ ਨੁਮਾਇਸ਼ਾਂ ਅਤੇ ਮੇਲਿਆਂ ਵਿਚ ਵੀ ਕੀਤੀ ਜਾਂਦੀ ਹੈ।

4) **ਟ੍ਰੇਨਿੰਗ:**

- ਵਿੱਤੀ ਸਾਲ 2017-18 ਦੌਰਾਨ ਸਭਾਵਾਂ ਵੱਲੋਂ ਇਸਤਰੀ ਮੈਂਬਰਾਂ ਨੂੰ ਕਰਵਾਈ ਗਈ ਟ੍ਰੇਨਿੰਗ ਲਈ ਪੰਜਾਬ ਸਹਿਕਾਰੀ ਸਿਖਲਾਈ ਸੰਸਥਾ(ਪੀ.ਆਈ.ਸੀ.ਟੀ.) ਚੰਡੀਗੜ੍ਹ ਵੱਲੋਂ 10.00ਲੱਖ ਰੁਪਏ ਦੀ ਰਾਸ਼ੀ ਰੱਖੀ ਗਈ।
- ਪੈਕਸ ਲੈਵਲ ਤੇ ਬਹੁਤ ਬਾਰੇ ਟ੍ਰੇਨਿੰਗ ਪ੍ਰੋਗਰਾਮ ਜਿਵੇਂ ਕਿ ਸਿਲਾਈ ਕਢਾਈ, ਪੇਟਿੰਗ, ਸਾਬਣ ਬਨਾਉਣਾ, ਮੋਮਬੱਤੀਆਂ ਬਨਾਉਣੀਆਂ, ਬਿਊਟੀ ਪਾਰਲਰ, ਖਾਣੇ ਦੀ ਸਾਂਭ-ਸੰਭਾਲ ਦਾ ਆਯੋਜਨ ਕੀਤਾ ਗਿਆ।

- ਪੀ.ਏ.ਯੂ, ਲੁਧਿਆਣਾ(ਖਾਦੀ ਵਿਗਿਆਨ ਕੇਂਦਰ) ਅਤੇ ਸਾਰੇ ਜਿਲਾ ਹੈਡਕੁਆਟਰਾਂ ਦੁਆਰਾ ਆਪਣੇ ਪੱਧਰ ਤੇ ਟ੍ਰੇਨਿੰਗ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਵੇ:
  - ਸਿਲਾਈ, ਪੇਟਿੰਗ, ਖਿਡੋਣੇ ਆਦਿ ਬਨਾਉਣਾ।
  - ਖਾਣੇ ਦੀ ਸਾਂਭ-ਸੰਭਾਲ।
  - ਬੇਕਰੀ।
  - ਸਾਬਣ ਅਤੇ ਸਰਫ਼ ਬਨਾਉਣਾ।
  - ਮੱਖੀ ਪਾਲਣ।
  - ਮੱਛੀ ਪਾਲਣ।
  - ਖੁੰਭਾਂ ਦੀ ਖੇਤੀ।
  - ਮਿਤੀ 18-5-2017 ਤੋ 19-5-2017 ਤੱਕ ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ ਪੰਜਾਬ ,ਚੰਡੀਗੜ੍ਹ ਦੀ ਅਪੋਲੋ ਬਿਲਡਿੰਗ ਸੈਕਟਰ 17 ਵਿਖੇ ਸੈਲਫ ਹੈਲਪ ਗਰੁੱਪਾਂ ਦੀ ਦੋ ਰੋਜ਼ਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ ਭਾਗ ਲੈਣ ਵਾਲੇ ਗਰੁੱਪਾਂ ਵੱਲੋਂ ਮੂਬ:91,535/-ਰੁਪਏ ਦੀ ਸੇਲ ਕੀਤੀ ਗਈ।
  - ਮਾਰਕਫੈਡ ਦੇ ਸੈਕਟਰ 22 ਸੀ,ਐਸ.ਸੀ.ਓ.-2945-46 ਚੰਡੀਗੜ੍ਹ ਵਿੱਚ ਵਿਰਸਾ ਗ੍ਰਾਮ ਦੇ ਨਾਮ ਨਾਲ ਮਿਤੀ 2-6-2017 ਤੋ ਸੈਲਫ ਹੈਲਪ ਗਰੁੱਪਾਂ ਨੂੰ ਰੈਗੂਲਰ ਸੇਲ ਪੁਆਇੰਟ ਮਹੱਈਆਂ ਕਰਵਾਇਆ ਗਿਆ ਹੈ,ਜਿਸ ਵਿੱਚ ਸੈਲਫ ਹੈਲਪ ਗਰੁੱਪਾਂ ਨੂੰ ਭਰਵਾ ਹੁੰਗਾਰਾ ਪ੍ਰਾਪਤ ਹੋਇਆ ਹੈ।ਮਿਤੀ 2-6-2017 ਤੋ 5-9-2017 ਤੱਕ ਮੂਬ:4,05,955/- ਰੁਪਏ ਦੀ ਸੇਲ ਹੋਈ ।
  - ਮਿਲਕ ਪਲਾਂਟ ਲੁਧਿਆਣਾ ,ਮੋਹਾਲੀ ਅਤੇ ਖੇਤਰ ਵਿੱਚ ਲੱਗੇ ਮੇਲਿਆਂ ਵਿੱਚ ਲਗਾਤਾਰ ਸੈਲਫ ਹੈਲਪ ਗਰੁੱਪਾਂ ਵੱਲੋ ਭਾਗ

- ਲਿਆ ਗਿਆ ,ਜਿਸ ਵਿੱਚ ਸਾਲ 2017-18 ਦੌਰਾਨ ਮਿਤੀ 22-8-2017 ਤੱਕ ਮੁਬ: 65470/-ਰੁਪਏ ਦੀ ਸੇਲ ਹੋਈ ।
- ਹੁਣ ਤੱਕ ਪ੍ਰਦਰਸ਼ਨੀਆਂ ਦੀ ਕੁੱਲ ਸੇਲ 5,62,960/- ਰੁ: ਹੈ।
- ਸਾਲ 2017-18 ਦੌਰਾਨ ਰਾਜ ਪੱਧਰੀ ਪ੍ਰਦਰਸ਼ਨੀ ਲਾਲਾ ਲਾਜਪਤ ਰਾਏ ਭਵਨ ਸੈਕਟਰ 15 ,ਚੰਡੀਗੜ੍ਹ ਵਿਖੇ ਮਿਤੀ 13-10-2017 ਤੋ 15-10-2017 ਤੱਕ ਤਿੰਨ ਦਿਨਾਂ ਲਈ ਲਗਾਉਣ ਦੀ ਤਜ਼ਵੀਜ਼ ਹੈ ।
- ਸੈਲਫ ਹੈਲਪ ਗਰੁੱਪਾਂ ਦੀਆਂ ਔਰਤਾਂ ਨੂੰ ਸਿਲਾਈ ਕਢਾਈ ਸਬੰਧੀ ਡਿਜ਼ਾਇਨਿੰਗ ਦੀ ਟ੍ਰੇਨਿੰਗ ਦਿਵਾਉਣ ਲਈ ਨਿਫ਼ਡ ਮੋਹਾਲੀ ਨਾਲ ਤਾਲਮੇਲ ਕੀਤਾ ਗਿਆ। ਇਸ ਸਬੰਧੀ ਖੇਤਰੀ ਦਫ਼ਤਰਾਂ ਨਾਲ ਵੀ ਸੈਲਫ਼ ਹੈਲਪ ਗਰੁੱਪਾਂ ਦੀਆਂ ਔਰਤਾਂ ਨੂੰ ਵੱਧ ਤੋਂ ਵੱਧ ਟ੍ਰੇਨਿੰਗ ਦਿਵਾਉਣ ਲਈ ਲਿਖਾ-ਪੜ੍ਹੀ ਕੀਤੀ ਗਈ ਹੈ।
- ਸਾਲ 2017-18 ਦੌਰਾਨ ਫੂਡ ਪ੍ਰੋਡਕਟਸ ਤਿਆਰ ਕਰਨ ਵਾਲੇ 21 ਸੈਲਫ਼ ਹੈਲਪ ਗਰੁੱਪਾਂ ਵਿਚੋਂ 17 ਨੂੰ FSSAI ਦਾ ਲਾਇਸੰਸ ਦਿਵਾਇਆ ਗਿਆ ਅਤੇ ਬਾਕੀ ਰਹਿੰਦੇ 4 ਗਰੁੱਪਾਂ ਵੱਲੋਂ ਵੀ ਅਪਲਾਈ ਕੀਤਾ ਹੋਇਆ ਹੈ।

ਰੋਡ ਮੈਪ ਆਫ਼ ਐਕਸ਼ਨ ਅਤੇ ਨਿਗਰਾਨੀ ਦੀ ਜ਼ਰੂਰਤ:

ੳ) ਵਿੱਤੀ ਸਹੂਲਤ:

1)ਮਾਈਭਾਗੋ ਇਸਤਰੀ ਸ਼ਕਤੀ ਸਕੀਮ ਤਹਿਤ 25000/- ਰੁਪਏ ਤੱਕ ਦਾ ਕਰਜ਼ਾ ਬਿਨਾਂ ਕਿਸੇ ਸਕਿਊਰਿਟੀ ਦੇ ਪੈਕਸ ਦੀ ਔਰਤ ਮੈਂਬਰ ਨੂੰ ਦਿੱਤੇ ਜਾਣ ਦਾ ਉਪਬੰਦ ਹੈ।

ਇਸ ਕਰਜ਼ੇ ਦੀ ਸੀਮਾਂ ਨੂੰ ਵਧਾਉਣ ਲਈ ਸਮੇਂ-ਸਮੇਂ ਤੇ ਇਸਤਰੀ ਮੈਂਬਰਾਂ ਵੱਲੋਂ ਅਤੇ ਸਕੀਮ ਤਹਿਤ ਨਿਯੁਕਤ ਕੀਤੇ ਅਫ਼ਸਰ ਇੰਨਚਾਰਜਾਂ ਵੱਲੋਂ ਇਸ ਕਰਜ਼ੇ ਦੀ ਹੱਦ ਨੂੰ ਵਧਾਉਣ ਲਈ ਕਿਹਾ ਜਾ ਰਿਹਾ ਸੀ। ਇਸ ਮਾਮਲੇ ਨੂੰ ਸਕੀਮ ਸਬੰਧੀ ਕੰਮ ਲਈ ਬਣਾਈ ਗਈ ਕਮੇਟੀ ਵੱਲੋਂ

ਵਿਚਾਰਨ ਉਪਰੰਤ ਇਸ ਕਰਜ਼ੇ ਦੀ ਸੀਮਾਂ ਨੂੰ ਹੇਠ ਲਿਖੀਆਂ ਸ਼ਰਤਾਂ ਤੇ ਮੌਜੂਦ 25000/-ਰੁ: ਤੱਕ ਦੀ ਸੀਮਾ ਨੂੰ ਵਧਾ ਕੇ 50,000/-ਰੁ: ਕੀਤਾ ਗਿਆ ਹੈ:-

ੳ)ਪਹਿਲੀ ਕਿਸ਼ਤ ਵਿੱਚ 25000/-ਰੁ: ਤੱਕ ਦਾ ਕਰਜ਼ਾ ਹੀ ਦਿੱਤਾ ਜਾਵੇਗਾ।

ਅ)ਦੂਸਰੀ ਕਿਸ਼ਤ ਮੁਬ:25000/-ਰੁ:ਤੱਕ ਉਦੋਂ ਹੀ ਰੀਲੀਜ਼ ਕੀਤੀ ਜਾਵੇ, ਜਦੋਂ ਪਹਿਲੀ ਕਿਸ਼ਤ ਦੀ ਸਹੀ ਵਰਤੋਂ ਹੋਈ ਹੋਵੇ, ਆਪਣਾ ਕੰਮ ਸ਼ੁਰੂ ਕੀਤਾ ਹੋਵੇ ਅਤੇ ਵਸੂਲੀ ਆ ਰਹੀ ਹੋਵੇ।ਮੀਟਿੰਗ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਡਿਫਾਲਟਰ ਮੈਂਬਰਾਂ ਨੂੰ ਦੂਜੀ ਕਿਸ਼ਤ ਭਾਵ 25000/-ਰੁਪਏ ਤੋਂ ਵੱਧ ਕਰਜ਼ਾ ਸਕੀਮ ਤਹਿਤ ਨਾ ਦਿੱਤਾ ਜਾਵੇ।

ੲ)ਸਕੀਮ ਤੇ ਦਿੱਤੇ ਜਾਣ ਵਾਲੇ ਕਰਜ਼ੇ ਤੇ ਵਿਆਜ ਦੀ ਦਰ 9% ਹੀ ਹੋਵੇਗੀ।

2)ਇਸ ਰਕਮ ਦੀ ਵਰਤੋਂ ਸਬੰਧੀ ਕੋਈ ਬਿਲ ਆਦਿ ਜਮ੍ਹਾਂ ਕਰਵਾਉਣ ਦੀ ਜ਼ਰੂਰਤ ਨਹੀਂ ਹੋਵੇਗੀ, ਸਿਰਫ਼ ਸਹਿਕਾਰੀ ਸਭਾਵਾਂ ਦੇ ਨਰੀਖਕਾਂ ਵੱਲੋਂ ਕਰਜ਼ੇ ਦੀ ਵਰਤੋਂ ਸਬੰਧੀ ਤਸਦੀਕ ਕੀਤਾ ਜਾਵੇਗਾ।

3)ਪੰਜਾਬ ਰਾਜ ਸਹਿਕਾਰੀ ਬੈਂਕਾਂ ਵੱਲੋਂ ਉਦਮੀ ਔਰਤਾਂ ਨੂੰ ਕਰਜ਼ੇ ਦੇਣ ਲਈ ਵੱਖਰੇ ਤੌਰ ਤੇ ਸਾਰੇ ਡੀ.ਸੀ.ਸੀ.ਬੀਜ਼ ਕੋਲ ਫੰਡ ਦੇਣ ਦਾ ਉਪਬੰਦ ਹੈ।

4)ਬੈਂਕ ਦੇ ਮੁੱਖ ਅਧਿਕਾਰੀ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਰਜ਼ੇ ਦੀ ਵੰਡ ਸਹੀ ਢੰਗ ਨਾਲ ਹੋਵੇ।

5)ਇਹ ਸਕੀਮ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਦੁਆਰਾ ਇਸਤਰੀਆਂ ਨੂੰ ਪੈਕਸ ਵੱਲੋਂ ਉਹਨਾਂ ਦੀ ਨਿੱਜੀ ਗਰੰਟੀ ਤੇ ਮੁਬ:25000/-ਰੁ: ਤੱਕ ਕਰਜ਼ੇ ਦੇਣ ਲਈ ਤਿਆਰ ਕੀਤੀ ਗਈ ਹੈ।

6)ਉਦਮੀ ਔਰਤਾਂ ਨੂੰ ਘੱਟ ਵਿਆਜ ਦਰ ਉਤੇ ਕਰਜ਼ੇ ਦੇਣ ਦਾ ਪ੍ਰਾਵਧਾਨ ਰੱਖਿਆ ਗਿਆ ਹੈ।

**ਲੋੜੀਂਦੀ ਸਿਖਲਾਈ:**

- ਆਚਾਰ, ਚਟਨੀਆਂ, ਸ਼ਰਬਤ, ਮੋਮਬੱਤੀਆਂ ਵਗੈਰਾ ਤਿਆਰ ਕਰਨ ਲਈ ਲੋੜੀਂਦੀ ਸਿਖਲਾਈ ਹਾਸਲ ਕਰਨ ਵਾਲੀਆਂ ਚਾਹਵਾਨ ਔਰਤਾਂ ਦੀ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋਂ ਸ਼ਨਾਖਤ ਕੀਤੀ ਜਾਵੇਗੀ।
- ਜਾਇੰਟ ਰਜਿਸਟਰਾਰ ਇਹਨਾਂ ਨੂੰ ਪੀ.ਆਈ.ਸੀ.ਟੀ ਵੱਲੋਂ ਸਿਖਲਾਈ ਦੁਆਉਣ ਲਈ ਗਰੁੱਪਾਂ ਵਿੱਚ ਜੱਥੇਬੰਦ ਕਰਨਗੇ।
- ਪੀ.ਆਈ.ਸੀ.ਟੀ. ਔਰਤਾਂ ਨੂੰ ਸੁਵਿਧਾ ਮੁਤਾਬਿਕ ਢੁਕਵੀਂ ਜਗ੍ਹਾਂ ਤੇ ਸਿਖਲਾਈ ਦੇਣ ਵਾਸਤੇ ਜਾਇੰਟ ਰਜਿਸਟਰਾਰਾਂ ਅਤੇ ਸਿਖਲਾਈ ਮਾਹਿਰਾਂ ਨਾਲ ਤਾਲਮੇਲ ਕਰੇਗਾ ਅਤੇ ਸਿਖਲਾਈ ਮੁਕੰਮਲ ਕਰਾਏਗਾ।
- ਰਾਜ ਪੱਧਰੀ ਕਮੇਟੀ, ਰਾਜ ਪੱਧਰ ਦੀਆਂ ਸਿਖਰ ਸੰਸਥਾਵਾਂ, ਗੈਰ ਸਰਕਾਰੀ ਜਥੇਬੰਦੀਆਂ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਦੀ ਸਹਾਇਤਾ ਨਾਲ ਉਪਲਬਧ ਹੋਵੇ ਅਜਿਹੀ ਸਿਖਲਾਈ ਦਾ ਪ੍ਰਬੰਧ ਕਰੇਗੀ।

- ਫੰਡਾਂ ਦਾ ਪ੍ਰਬੰਧ ਸੀ.ਡੀ.ਐਫ਼ ਅਤੇ ਸੀ.ਜੀ.ਐਫ਼ ਵਿਚੋਂ ਕੀਤਾ ਜਾਵੇਗਾ।
- ਇਸ ਸਕੀਮ ਅਧੀਨ ਸ਼ੁਰੂ ਵਿੱਚ ਸਭ ਤੋਂ ਪਹਿਲਾਂ ਗਰੁੱਪਾਂ ਨੂੰ ਅਕਤੂਬਰ 2007 ਵਿੱਚ ਟ੍ਰੇਨਿੰਗ ਦਿੱਤੀ ਗਈ ਸੀ ਅਤੇ ਉਸ ਤੋਂ ਬਾਅਦ ਇਹ ਟ੍ਰੇਨਿੰਗਾਂ ਹੁਣ ਤੱਕ ਦਿੱਤੀਆਂ ਜਾ ਰਹੀਆਂ ਹਨ।

**ਸਬੰਧ ਕਾਇਮ ਕਰਨਾ ਅਤੇ ਸਹਾਇਤਾ ਸਿਲਸਿਲਾ:**

- ਔਰਤ ਉਦਮੀਆਂ ਵੱਲੋਂ ਵਿਅਕਤੀਗਤ ਤੌਰ ਤੇ ਜਾਂ ਗਰੁੱਪਾਂ ਵਲੋਂ ਤਿਆਰ ਕੀਤੀਆਂ ਖਪਤਕਾਰੀ ਵਸਤਾਂ ਦੀ ਵਿਕਰੀ ਜੋ ਇਲਾਕੇ ਦੀਆਂ ਪੈਕਸ ਦੇ ਨੈਟਵਰਕ, ਨੁਮਾਇਸ਼ਾਂ ਵਗੈਰਾ ਜਾਂ ਮਿਲਕਫੈਡ,

- ਮਾਰਕਫੈੱਡ ਰਾਹੀਂ ਕੀਤੀ ਜਾ ਸਕਦੀ ਹੈ, ਦੀ ਯੋਜਨਾ ਅਮਲ ਅਤੇ ਨਿਗਰਾਨੀ ਜਾਇੰਟ ਰਜਿਸਟਰਾਰਾਂ ਵੱਲੋਂ ਮਜ਼ਬੂਤ ਇੱਛਾ ਅਤੇ ਪੂਰੀਆਂ ਕੋਸ਼ਿਸ਼ਾਂ ਨਾਲ ਕੀਤੀ ਜਾਏਗੀ।
- ਜਾਇੰਟ ਰਜਿਸਟਰਾਰਾਂ ਵੱਲੋਂ ਗਰੁੱਪ ਦੀ ਕਾਰਗੁਜ਼ਾਰੀ ਲਈ ਔਰਤਾਂ ਨੂੰ ਸਿਖਲਾਈ ਵਾਸਤੇ ਤਜਵੀਜ਼ ਤਿਆਰ ਕਰਨਗੇ। ਇਹ ਰਾਜ ਪੱਧਰੀ ਸ਼ਿਖਰ ਸੰਸਥਾਵਾਂ ਜਾਂ ਸਨਅਤੀ ਅਦਾਰਿਆਂ ਵੱਲੋਂ ਸਪਲਾਈ ਕੱਚੇ ਮਾਲ ਦੀ ਸਹਾਇਤਾ ਅਤੇ ਮੰਡੀਕਰਨ ਸਹਾਇਤਾ ਨਾਲ ਉਤਪਾਦਨ ਕਰਨਗੇ।

**ਨਿਗਰਾਨੀ:**

- ਚੇਅਰਪਰਸਨ ਅਰਥਾਤ ਵਿਤੀ ਕਮਿਸ਼ਨਰ, ਸਹਿਕਾਰਤਾ ਪੰਜਾਬ ਹਰੇਕ ਤਿਮਾਹੀ ਚ ਇਕ ਵਾਰ ਜਾਂ ਆਪਣੀ ਸੁਵਿਧਾ ਮੁਤਾਬਿਕ ਇਸ ਸਕੀਮ ਦੀ ਪ੍ਰਗਤੀ ਦਾ ਜਾਇਜ਼ਾ ਲੈਣਗੇ।
- ਸਕੀਮ ਦੇ ਉਪ ਚੈਅਰਮੈਨ ਅਰਥਾਤ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਹਰ ਮਹੀਨੇ, ਫੀਲਡ ਅਫਸਰਾਂ ਦੀ ਮਹੀਨਾਵਾਰ ਮੀਟਿੰਗ ਵਿੱਚ ਸਕੀਮ ਦਾ ਜਾਇਜ਼ਾ ਲੈਣਗੇ।
- ਇਸ ਸਕੀਮ ਦੇ ਕਨਵੀਨਰ, ਜਦੋਂ ਵੀ ਜ਼ਰੂਰਤ ਹੋਵੇ ਚੰਡੀਗੜ੍ਹ ਵਿੱਚ ਜਾਂ ਜਾਇੰਟ ਰਜਿਸਟਰਾਰਾਂ ਵੱਲੋਂ ਨਿਸ਼ਚਿਤ ਕਿਸੇ ਵੀ ਥਾਂ ਤੇ ਵਿਸ਼ੇਸ਼ ਮੀਟਿੰਗ ਸੱਦ ਸਕਦੇ ਹਨ।
- ਪੰਜਾਬ ਰਾਜ ਦੇ ਸਮੂਹ ਜਿਲਿਆਂ ਵਿੱਚ ਲੱਗਣ ਵਾਲੇ ਮੇਲਿਆਂ ਵਿੱਚ ਸੈਲਫ਼ ਹੈਲਪ ਗਰੁੱਪਾਂ ਦੀ ਸ਼ਮੂਲੀਅਤ/ਨਿਗਰਾਨੀ ਲਈ ਪੰਜਾਬ ਪੱਧਰ ਤੇ ਹਰੇਕ ਜਿਲੇ ਵਿੱਚ ਖੇਤਰੀ ਦਫ਼ਤਰਾਂ ਵੱਲੋਂ ਨੋਡਲ ਅਫ਼ਸਰ ਨਿਯੁਕਤ ਕੀਤੇ ਗਏ ਹਨ।

**ਕੇਂਦਰ ਅਤੇ ਰਾਜ ਸਹਾਇਤਾ:**

- ਸ਼ੁਰੂ ਵਿੱਚ ਸਿਖਲਾਈ ਵਾਸਤੇ ਸਹਾਇਤਾ ਦੀ ਜ਼ਰੂਰਤ ਹੈ। ਪੀ.ਆਈ.ਸੀ.ਟੀ. ਜਾਂ ਫੀਲਡ ਵਿੱਚ ਸਾਰੀਆਂ ਸਿਖਲਾਈਆਂ ਦਾ

- ਖਰਚਾ ਸਰਕਾਰੀ/ਅਰਧ ਸਰਕਾਰੀ ਅਤੇ ਗੈਰ ਸਰਕਾਰੀ ਜਥੇਬੰਦੀਆਂ/ਕੇਂਦਰ ਸਰਕਾਰ ਦੀਆਂ ਸਕੀਮਾਂ ਵਲੋਂ ਕੀਤਾ ਜਾਵੇਗਾ।
- ਇਸ ਸਬੰਧੀ ਰਾਜ ਪੱਧਰੀ ਕਮੇਟੀ ਵਲੋ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।

**ਰਿਆਇਤਾਂ/ਸਬਸੀਡੀਆਂ:**

- ਖਾਦੀ ਅਤੇ ਗਰਾਮ ਉਦਯੋਗ ਕਮਿਸ਼ਨ ਜਾਂ ਖਾਦੀ ਅਤੇ ਗਰਾਮ ਉਦਯੋਗ ਬੋਰਡ ਵਲੋਂ ਰਾਜ ਪੱਧਰ ਤੇ ਦਿੱਤੀਆਂ ਜਾ ਰਹੀਆਂ ਰਿਆਇਤਾਂ/ਸਬਸੀਡੀਆਂ ਜਾਂ ਮੂਲ ਰਕਮਾਂ ਇਸ ਸਕੀਮ ਲਈ ਬਹੁਤ ਹੀ ਕਾਰਗਰ ਹਨ।
- ਕੇ.ਵੀ.ਆਈ.ਸੀ. ਇਸ ਸਕੀਮ ਵਿੱਚ ਸ਼ਾਮਲ ਔਰਤ ਉਦਮੀਆਂ ਨੂੰ ਸ਼ਾਮਲ ਕਰਕੇ ਆਪਣੀ ਸੂਚੀ ਵਿੱਚ ਵਾਧਾ ਕਰ ਸਕਦੀ ਹੈ।ਸੱਨਅਤ ਵਿਭਾਗ, ਭਲਾਈ ਵਿਭਾਗਾਂ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਏਜੰਸੀਆਂ ਦੀ ਮਦਦ ਨਾਲ ਰਿਆਇਤਾਂ ਦਾ ਇਕ ਵੱਖਰਾ ਸਿਲਸਿਲਾ ਬਣਾਇਆ ਜਾ ਸਕਦਾ ਹੈ ਜਿਸ ਵਿੱਚ ਕੁੱਲ ਕਾਰੋਬਾਰ (ਮੂਲ ਪੂੰਜੀਕਾਰੀ +ਕਾਰਜ ਪੂਜੀ) ਸ਼ਾਮਲ ਹੋਵੇ।

# “MAI BHAGO ISTRI SHAKTI SCHEME”

## Empowerment Of Women Through Cooperatives

The scheme gets is inspiration from the legendry great woman from the history of Punjab who became an inspiring/motivating figure for the great ’40 Muktas’ of the Sikh History. She is known as a symbol of power and faith.

**OBJECTIVES:**

The scheme envisages to strengthen women especially in rural areas in single/individual capacity or clusters or groups. The objectives of the scheme is to strengthen their activities through training at convenient places. Hassle free credit and assistance. The scheme aslo envisages creation of backward & forward linkages by creating a supply chain for providing raw material to women ntrepreneurs with the help of apex/state level organizations. It will ensure marketing of products made by such self employed women through the network of primary societies as well as the apex/state organizations like MARKFED & MILKFED . The scheme also envisages seeking and taking assistance, grants, subsidies from state and central organizations like KVIC, KVIB as well as Mahila Kosh etc.

**ACTION PLAN**

a) Primary Agriculture Cooperative Societies (PACS) will be the hub for empowerment of Women. There are about 4135 number of PACS in Punjab and each PACS presently has 1-4 villages in its area of operation and each PACS has also its own building having two small offices and a godown having capacity of 200-500 metric tones. A part of this building can be spread for the office, training and commercial activities to be taken up by the women.

b) Cooperative Inspector Incharge of the society alongwith the secretary of the society and official of the lady wing (if any) will identify and activate a group of women. Strength of this group can vary from society and initially a group of atleast 7-10 women will be activated and these women will be made nominal members of the PACS. If they seek finance from PACS. But PACS will retain the role of a facilitator in all situations.

c) Different income generating activities will be identified at the village level depending upon the area and the activities already being done in that particular village will be strengthened. The following activities can be undertaken:

“ Phulkari Work

“ Tailoring, Stitching and embroidery
“ Hosiery and Knitting
“ Beauty Parlour, STD Booths and petty shops
“ Mushroom growing, Bee keeping, earthen pots
“ Vadi Papad, Pickles, Murrba, Sauce and Squash making
“ Dairy & Poultry
“ Cattle feed making. Poultry feed making
“ Making of Soft toys
“ Processing of Fruits and vegetables
“ Grinding and packing of chilli powder, haldi powder & masala powder
“ Computer BPO/Call Center Training (inbound/outbound calls)
“ Soap making
“ Notebook, Copy book, Registers etc.making
“ Uniform making
“ Bakery, Confectionery
“ Candle making
“ Women groups can also provide lunch to Anganwadi children under the central ICDS scheme. Provide meal to school children under the Mid day meal scheme.

In one society different women members can opt different activities depending upon their aptitude and skills.

***These Women enterpreneurs can be classified into two broad groups:***

A: Women providing consumer items which can be sold through informal markets or PACS network e.g. spices. Soap, pickles. Bakery etc.

B: Women producing such products which have to be marketed with the help of State/Apex organizations. They require training, finance, equipment and backward & forward linkages.

**FUNDS**

V Funds for these activities will be provided by the Primary Agriculture Cooperative Society. Central Cooperative Banks will keep separate funds for these women members. This loan will be hassle free and at the preferential rate of interest preferably at 8-10% at the personal surety of some cooperative members of the society and without stressing for any tangible security and bills etc. RCS office may create a scheme for microfinance in PACS with re-finance

from CCB's will Simplify loaning procedures and depute a senior, positive officer for prompt processing and disbursement of loans.

V Efforts will be made to rope in assistance to women members by way of subsidy given by the Departments of Women and Child Development, Social Security.There are many centrally sponsored schemes for the upliftment of women like STEP and NORAD. Steering committee at Head office level will tie up with different departments for roping in this subsidy at grass root level. Khadi Village Industries Commission (KVIC), Govt. of India and Khadi Village Industries Board (KVIB), Govt. of Punjab are also having different schemes for providing work and subsidy to women members.

V Some pilot projects need to be intiated in each District. Funds if need be can be given through "Cooperative Development Fund" (CDF) and "Common Good Fund"(CGF) maintained by each profit earning society.

**TRAINING**

Training of women members at PACS level, Block level or at the District Head Qrarter will be organized by the Division Level Committee. Joint Registrar of the division who is the Chairman of the Division Level Committee will keep liaason with the Department of Horticulture, Khadi & Village Industries Commission (KVIC), Khadi & Village Industries Board (KVIB), Krishi Vigyan Kendra, Knit Wear Clubs Ludhiana, Punjab Agriculture (PAU), Women Welfare Department, Social Security Department and different NGOs working in the area for imparting various types of training, guidance and awareness. JRCS alongwith his team will identity the support mechanism depending upon the field conditions for such women/groups. He will be free to decide and seek help from Government departments, PAU centers, NGOs and other agencies.

The Managing Director PICT will facilitate all the Joint Registrars and Deputy Registrars in holding these trainings. Funds has been earmarked for the training and have been placed at the disposal of R.C.S Punjab,( being Chairman of PICT Board) and MD PICT.,Chandigarh for further disbursement to Assistant Registrars as per their requirement.

**MOTIVATION:**

Education for promoting gender justice will be given by PUNCOFED to the women members, which will touch the issues of female foeticide, dowry related violence, sexual harassment and discrimination etc. Education Instructors of PUNCOFED will organize camps at village level itself. Eminent women activists and

NGOs will be invited to create orientation in the women groups from time to time. This will also instill 'motivation'.

**MARKETING**

The marketing of products prepared by the societies will be done through the network of PACS, showrooms/ sale outlets MILKFED and MARKFED.

Committee at Division level will take care of forward and backward linkages of products.MARKFED and MILKFED will help in preparing new designs, new colour schemes and good packaging of these products.The committee will also coordinate with other departmens like Phulkari, NIIFT Mohali, Khadi & Village Industries Commission (KVIC), Khadi and Village Industries Board (KVIB), Krishi Vigyan Kendra, Knit Wear Clubs Ludhiana, Punjab Agriculture University (PAU), Women Welfare Department, Social Security Department etc. and different departments of Government of India for availing benefit of centrally sponsored schemes.

# PROGRESS UNDER THE SCHEME

1. **MEMBERSHIP:**
   Target of 3800 women members has been given which are to be enrolled members of PACS in year 2017-18 .There are 898 women members enrolled in the PACS, as on month july/2017. There are 214496 women members enrolled from 2007 to till july/2017.
2. **FINANCIAL ASSISTANCE/LOANS TO WOMEN MEMBERS:**

   PSCB has given limit of Rs.2.00 lacs to each PACS for advancement of Loans to Women members. July/2017 ,Progress to Advancement to Women members has been given as under:

| **DIVISION** | **DISTRICT** | **LOAN ADVANCED (RS.IN LAKHS)** | **TOTAL LOAN ADVANCED** |
|---|---|---|---|
| Jalandhar | Amritsar | 185.65 | |
| | Tarntaaran | 112.05 | |
| | Gurdaspur | 261.48 | |
| | Pathankot | 64.35 | |
| | Hoshiarpur | 22.02 | |
| | Jalandhar | 1191.15 | |

| | | | |
|---|---|---|---|
| | Kapurthala | 711.51 | |
| | S.B.S Nagar(Nawanshahr) | 1406.50 | 4554.71 |
| Patiala | Patiala | 1554.31 | |
| | Sangrur | 403.72 | |
| | Barnala | 253.90 | |
| | Ropar | 294.77 | |
| | Mohali | 308.07 | |
| | Ludhiana | 845.86 | |
| | Fathegarh sahib | 577.50 | 4238.13 |
| Ferozepur | Ferozepur | 151.44 | |
| | Fazlika | 351.29 | |
| | Moga | 443.63 | |
| | Muktsar | 363.98 | |
| | Faridkot | 319.28 | |
| | Bathinda | 548.14 | |
| | Mansa | 434.94 | 2612.70 |
| | Grand Total | | 11405.54 |

No targets of loan Advancement has been given to any field Office so as to avoid excessive loaning and mis-utilisation of loans.

**Report regarding the Self Help Groups (SHGs) formed under the Women Empowerment Scheme:**

| Division | Number of Self Help Groups | Total Members of SHGs | Collection of Members (Rs in lacs) |
|---|---|---|---|
| Patiala | 777 | 10732 | 53.52 |
| Ferozepur | 989 | 11140 | 118.50 |
| Jalandhar | 1854 | 20740 | 156.69 |
| Total | 3620 | 42612 | 328.71 |

3. **Recovery and marketing of products prepared by Women members**

**i)**The Recovery of Jalandhar Division is Approximatly 87%, Patiala Division 82.5% and Ferozepur Division 70.97%

ii)Field Staff has been directed to market the products prepared by Women through PACS. These products will be sold under the name “Mahela Gaurv". These products will be sold through MARKFED & MILKFED.Products of Women members may also be sold through exhibitions organized at National and State Level.

3. **TRAINING:**

i) In the year 2017-18 Rs 10.00 Lacs have been placed with PICT for providing Training to the Women members of the Societies.

ii) Many Training programmes like Tailoring, Cutting, Stitching, Embroidery, Painting, Soap Making, Candle making, Beauty Parlour, Food &Preservation are being done at the PACS level.

iii) PAU, Ludhiana has KVKs (Khadi Vigyan Kendras) in almost all district Head Quarters where they provide training for:
a)Stitching, Painting, Tailoring Toys making & etc.
b)Food preservation.
c)Bakery
d)Soap making & Surf making
e)Bee-Keeping
f)Fish breeding
g)Mushroom growing
h)Rural Creching for early Childhood

- Two days Exhibition cum sale of the SHGs was organised at Office of Registrar Co-Op Societies Punjab Chandigarh at Appolo Building Sec-17 from 18-5-17 to 19-5-17.The SHGs Rs 91535/- was earned by groups to this exhibition cum sale.
- A regular sale point under the name VIRSA GRAM has been set up at Markfed SCO 2945-46, Sector-22C in collaboration with Markfed..The SHGs have received good response with this endeavour and groups have earned Rs 4,05,955/- from 2-6-17 to 5-9-17
- The SHGs are regularly participation in the fairs organised by Milk Plants at Mohali and Ludhiana and received encouraging response.During the year 2017-18 they made income of Rs 65470/- upto 22-8-2017.
- An Exhibitions total sale is Rs 5,62,960/-
- There is a perposal of three days State level Exhibition cum sale at Lala Lajpat Rai Bhawan Sec-15 Chandigarh from 13-10-17 to 15-10-17.

○ The Department is co-ordinating with NIFD for better skilled training and desigining for the SHGs. Regarding this, field officers have been directed to send trainees.

- For the purpose of authentic and hygenic food products out of 21 SHGs Making food products 17 have received FSSAI licence and remaining 4 have also applied for the licence.

**ROAD MAP OF ACTION AND MONITORING IDENTIFICATION OF NEEDS:**

**A. FIANANCE**

1. Wherever loans/micro finance is required by individual women enterpreneur,it will be provided by the CCBs within one month.CCBs will not ask for any tangible security for the loans upto Rs.25000/-. The Committee which has been constituted for financial matters had raised the loan limit of Rs.25000/- to 50,000/-. This loan limit of Rs.50,000/- is to be given to the members through PACS in two instalments .Rs 50,000/- loan limit is not to be given defaulter members and to those members who have already utilized the first instalment of Rs25,000/-by initiating the work for which loan was availed.The Rate of Interest PACS to members is 9% and CCB to PACS 7.50%.The Collateral Security is one good surety having landed property.
2. No bills regarding utilization etc. are required to be submitted .Only Inspector, Cooperative Societies will certify the utilization of the loan.
3. PSCBs will earmark separate funds for credit to women enterpreneurs in all DCCBs
4. A Senior Bank Officer will be deputed to ensure the prompt disbursement of these loans.
5. A scheme will be created by RCS, Punjab, Chandigarh for providing microfinance upto 25000/- to women through PACS on the basis of personal guarantee. PACS will be entitled to refinance from CCBs against loans advanced to women.
6. There should be preferential rate of interest to be charged from women entrepreneurs.

**TRAINING NEEDS:**

1. Women enterpreneurs desirous of acquiring special skills for production of items like pickle, squash, making candles etc. will be identified by ARCS.
2. JRs will organize them into groups for imparting training at PICT.
3. PICT will coordinate with JRs as well as training experts for prompt start and completion of such training programmes at places convenient for ladies.
4. State Level Committee will make arrangements of such training with the help of state level apex organizations, NGOs and Central Government agencies if available.
5. Funds may initially be provided from CDF and CGF of societies.
6. The initial batches will be fully trained by October 2007. This will go on.

**Creation of linkages and support systems**

1. The consumer items produced by the individual women enterpreneurs or groups which can be marketed through the network of PACS of the area, exhibitions etc. or at outlets/shops of MILKFED and MARKFED will be planned, executed and supervised by the JRs with a strong will and conerted efforts.

2 A proposal will be created by JRs for the women who have been trained for a group activity. They will produce the items with the raw materail support and marketing support of the State level/apex agencies or industrial houses.

This will be a continuous phenomenon, but the pilot project should come into production by December.

**Monitoring**

1. Chairperson i.e.FCC, Punjab will review the progress of the scheme once in every quarter or at her convenience.
2. Vice Chairman of the scheme i.e.RCS, Punjab, Chandigarh will review the scheme in the stae level monthly meetings of the field officers.
3. Convener of the scheme will call exclusive meetings of the field officers in Chandigarh or at such places in the field to be organized by the JRs as and when require.
4. The Nodel officers has been appointed in Punjab districts for the observation/participation of SHGs in all fairs which are organised in Punjab districts.

**Central and State Assistance**

1. Intially assistance is required for the training component. All trainings at PICT or in the field should be funded from Government/Semi Government and welfare schemes available with NGOs/ Central Government schemes.
2. Concerted efforts in this regard will be made by the State Level Committee with the help of various Department.

**Incentives/subsidies**

1. The incentives/subsidies or seed money schemes already run by KVIC or KVIB at the state level is conducive to the scheme.
2. KVIC should strengthen and enlarge its list to cover women activities in the scheme. A separate mechanism of incentives based on the total outlay (Capital investment+working capital) can also be invented with the help of Department of Industries, Welfare Departments and Women & Child Development agencies.